# ਨਾਰਾਇਣ ਸਾਧ ਸੰਗਿ ਨਰਾਇਣ

ਗੋਂਡ ਮਹਲਾ ੫ ॥

ਨਾਮੁ ਨਿਰੰਜਨੁ ਨੀਰਿ ਨਰਾਇਣ ॥

ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ, ਗੋਂਡ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੮੬੭-੬੮ ਤੇ ਸਸ਼ੋਭਤ ਹੈ।

ਇਸ ਸ਼ਬਦ ਵਿਚ 'ਨਰਾਇਣ' ਸ਼ਬਦ ਦੀ ਵਾਰ ਵਾਰ ਦੋ ਰੂਪਾਂ ਵਿਚ ਵਰਤੋਂ ਕੀਤੀ ਗਈ ਹੈ। ਇਹ ਸ਼ਬਦ **ਅਕਾਲ ਪੁਰਖ** ਲਈ ਆਇਆ ਹੈ। ਭਾਵੇਂ, ਗੁਰਬਾਣੀ ਵਿਚ ਇਹ ਸ਼ਬਦ, ਗੁਰੂ ਸਾਹਿਬਾਨ, ਸ੍ਰੀ ਰਾਮ ਚੰਦਰ ਜੀ (ਪੰਨਾ ੧੦੮੨) ਅਤੇ ਸ੍ਰੀ ਕ੍ਰਿਸ਼ਨ ਜੀ ਲਈ (ਪੰਨਾ ੮੮੮) ਵੀ ਵਰਤਿਆ ਗਿਆ ਹੈ। ਪਰ ਇਥੇ ਇਹ ਸ਼ਬਦ ਪਰਮਾਤਮਾ ਪ੍ਰਥਾਇ ਹੀ ਆਇਆ ਹੈ। ਪਹਿਲੇ ਤਿੰਨ ਗੁਰੂ ਸਾਹਿਬਾਨ ਲਈ ਇਸ ਸ਼ਬਦ ਦੀ ਵਰਤੋਂ, ਪੰਨਾ ੧੩੯੫ ਤੇ, ਇੰਞ ਕੀਤੀ ਗਈ ਹੈ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।।... ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ।। ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ।।'

ਇਸ ਸ਼ਬਦ ਵਿਚ ਸ੍ਰੀ ਅਕਾਲ ਪੁਰਖ ਸਾਹਿਬ ਦੇ ਆਮ ਕਰਕੇ ਗੁਣ, ਅਤੇ ਖ਼ਾਸ ਕਰਕੇ, ਉਹ ਗੁਣ, ਜੋ ਭਗਤਾਂ ਪ੍ਰਤੀ ਹਨ (only in relation to Saints), ਵਰਣਨ ਕੀਤੇ ਗਏ ਹਨ। ਦੂਜੇ, ਨਾਰਾਇਣ ਦੇ ਨਾਂ ਦਾ ਸਿਮਰਣ ਕਰਨ ਦਾ ਉਪਦੇਸ਼ ਦਿਤਾ ਗਿਆ ਹੈ।

-- ਵਾਹਿਗੁਰੂ ਨਾਰਾਇਣ ਦਾ ਨਾਮ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੁੰਦਾ ਹੈ ਅਤੇ ਇਹ ਨਾਰਾਇਣੀ ਜਲ, ਭਾਵ, ਅੰਮ੍ਰਿਤ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ, ਪੰਨਾ ੬੭ ਤੇ ਬਚਨ ਹਨ ਕਿ ਗੁਰੂ ਦੇ ਦਿਤੇ ਸ਼ਬਦ, ਗੁਰ ਮੰਤਰ ਦੇ ਜਾਪ ਨਾਲ ਹਉਮੈ ਦਾ ਨਾਸ ਹੁੰਦਾ ਹੈ ਅਤੇ ਮਾਇਆ ਦਾ ਭਰਮ ਦੂਰ ਹੋ ਜਾਂਦਾ ਹੈ - 'ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮ ਜਾਇ।।'

-- ਰਸਨਾ ਨਾਲ ਵਾਰ ਵਾਰ ਇਸ ਦਾ ਜਾਪ ਕਰਣ ਦੇ ਨਾਲ, ਕੀਤੇ ਅਤੇ ਅਗੋਂ ਹੋਣ ਵਾਲੇ ਪਾਪਾਂ ਦਾ ਨਾਸ ਹੋ ਜਾਂਦਾ ਹੈ।੧।ਰਹਾਉ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਉਪਦੇਸ਼ ਫ਼ੁਰਮਾਇਆ ਹੈ ਕਿ ਗੁਰੂ ਦੇ ਦਿਤੇ ਮੰਤਰ ਦਾ ਜਾਪ ਕਰਣ ਨਾਲ ਸਾਰੇ ਤਰ੍ਹਾਂ ਦੇ ਪਾਪਾਂ ਦਾ ਨਾਸ ਹੋ ਜਾਂਦਾ ਹੈ - 'ਕਿਲਵਿਖ ਸਭਿ ਦੋਖ ਬਿਨਾਸਨੁ  ਹਰਿ ਨਾਮੁ ਜਪੀਐ ਗੁਰ ਮੰਤਨ ਕੈ।।'

ਨਾਰਾਇਣ ਸਭ ਮਾਹਿ ਨਿਵਾਸ ॥

ਨਾਰਾਇਣ ਘਟਿ ਘਟਿ ਪਰਗਾਸ ॥

ਨਾਰਾਇਣ ਕਹਤੇ ਨਰਕਿ ਨ ਜਾਹਿ ॥

ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥

-- ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਅ ਰਹੇ ਹਨ ਕਿ ਉਸ ਨਾਰਾਇਣ, ਪ੍ਰਭੂ ਦਾ ਹਰ ਥਾਂ ਵਾਸਾ ਹੈ, ਸਰਵ ਵਿਆਪਕ ਹੈ, ਉਹ ਪ੍ਰਭੂ Omnipresent ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ 'ਸੋ ਪੁਰਖੁ' ਦੇ ਸ਼ਬਦ ਵਿਚ ਸਮਝਾਉਂਦੇ ਹਨ ਕਿ ਉਹ 'ਪੁਰਖ', ਹਰੀ, ਲਗਾਤਾਰ ਹਰ ਥਾਂ, ਸਭ ਵਿਚ ਸਮਾਇਆ ਹੋਇਆ ਹੈ - 'ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ  ਹਰਿ ਏਕੋ ਪੁਰਖੁ ਸਮਾਣਾ।।'

-- ਉਸ ਪ੍ਰਭੂ ਦੀ ਜੋਤਿ ਦਾ ਚਾਨਣ ਹਰ ਇਕ ਵਿਚ ਹੈ, ਭਾਵ ਉਸੇ ਤੋਂ ਹੀ ਸਭ ਦਾ ਜੀਵਨ ਹੈ, ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਵੀ, ਪੰਨਾ ੧੩ ਤੇ ਦਸਦੇ ਹਨ - 'ਸਭ ਮਹਿ ਜੋਤਿ ਜੋਤਿ ਹੈ ਸੋਇ।। ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।'

-- ਨਾਰਾਇਣ ਦਾ ਜਾਪ ਜਪਣ ਨਾਲ ਮਨੁਖ ਨਰਕ ਵਿਚ ਨਹੀਂ ਜਾਂਦਾ।

ਵੇਸਵਾ ਦੀ ਸੰਗਤ ਕਰਨ ਵਾਲੇ ਅਜਾਮਲ ਨੇ, ਕਿਸੇ ਸਾਧੂ ਦੇ ਕਹਿਣ ਤੇ, ਆਪਣੇ ਸਤਵੇਂ ਪੁਤਰ ਦਾ ਨਾਂ ਨਾਰਾਇਣ ਰਖਿਆ ਅਤੇ ਅੰਤ ਕਾਲ ਉਸੇ ਨੂੰ ਨਾਰਾਇਣ ਨਾਰਾਇਣ ਜਪਦੇ ਦਾ, ਪ੍ਰਭੂ ਨੂੰ ਭਾਅ ਜਾਣ ਕਰਕੇ, ਪਾਰ ਉਤਾਰਾ ਹੋ

ਗਿਆ। ਇਸਦੀ ਗਵਾਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ, ਪੰਨਾ ੯੮੧ ਤੇ, ਇੰਞ ਭਰੀ ਹੈ - 'ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰ ਨਾਰਾਇਣ ਬੋਲਾਰੇ।। ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ।।'

-- ਨਾਰਾਇਣ ਦੀ ਅਰਾਧਨਾ ਕਰਨ ਨਾਲ ਮਨੁਖ ਨੂੰ ਸਭ ਬਾਂਛਤ ਫ਼ਲ ਮਿਲ ਜਾਂਦੇ ਹਨ।੧।

ਸ੍ਰੀ ਗੁਰੂ ਅਰਜਨ ਸਾਹਿਬ ਵੀ, ੨੫੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਕਿ ਪ੍ਰਭੂ ਨਾਲ ਪ੍ਰੀਤ ਕਰਨ ਨਾਲ ਮਨ ਬਾਂਛਤ ਫ਼ਲ ਮਿਲ ਜਾਂਦੇ ਹਨ - 'ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ।। ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ।।'

ਨਾਰਾਇਣ ਮਨ ਮਾਹਿ ਅਧਾਰ ॥

ਨਾਰਾਇਣ ਬੋਹਿਥ ਸੰਸਾਰ ॥

ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥

ਨਾਰਾਇਣ ਦੰਤ ਭਾਨੇ ਡਾਇਣ ॥੨॥

-- ਨਾਰਾਇਣ ਭਗਤ ਜਨਾਂ ਦੇ ਮਨ ਦਾ ਅਧਾਰ ਹੈ।

ਭਗਤ ਕਬੀਰ ਜੀ, ਪੰਨਾ ੩੩੮ ਤੇ ਫ਼ੁਰਮਾਣ ਕਰਦੇ ਹਨ ਕਿ ਨਾਰਾਇਣ ਦਾ ਨਾਮ ਸਭ ਦਾ ਆਧਾਰ ਹੈ, ਇਸ ਰਾਮ ਨਾਮ ਨੂੰ ਰਸਨਾ ਨਾਲ ਜ਼ਰੂਰ ਜਪਣਾ ਚਾਹੀਦਾ ਹੈ - 'ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ।।'

-- ਨਾਰਾਇਣ, ਪ੍ਰਭੂ ਦਾ ਨਾਮ, ਭਗਤਾਂ ਦੇ ਸੰਸਾਰ ਨੂੰ ਭਵਸਾਗਰ ਤੋਂ ਪਾਰ ਕਰਵਾਉਣ ਵਾਲਾ ਜਹਾਜ਼ (ship) ਹੈ।

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ, ਪੰਨਾ ੨੪੫ ਤੇ, ਇੰਞ ਫ਼ੁਰਮਾਣ ਕਰਦੇ ਹਨ - 'ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ।।'

-- ਜੋ ਭਗਤ ਨਾਰਾਇਣ ਦਾ ਨਾਮ ਜਪਦੇ ਹਨ, ਜਮ ਦੇ ਦੂਤ ਉਨ੍ਹਾਂ ਤੋਂ ਦੂਰ ਭਜ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਵੀ ਇਸੇ ਤਰ੍ਹਾਂ ਫ਼ੁਰਮਾਣ ਕਰਦੇ ਹਨ - 'ਨਾ ਜਮਦੂਤ ਦੂਖੁ ਤਿਸੁ ਲਾਗੈ।। ਜੋ ਜਨੁ ਰਾਮ ਨਾਮਿ ਲਿਵ ਜਾਗੈ।।' ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਭਗਤ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦੇ ਸਿਰ ਤੇ ਪ੍ਰਭੂ ਦਾ ਹਥ ਹੁੰਦਾ ਹੈ, ਉਸ ਦੇ ਪਰਤਾਪ ਨੂੰ ਵੇਖ ਕੇ ਜਮਦੂਤ ਵੀ ਭਜ ਜਾਂਦੇ ਹਨ - 'ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ।।', ਪੰਨਾ ੮੧੧.

-- ਜੋ ਪ੍ਰਭੂ ਨਾਰਾਇਣ ਦਾ ਨਾਮ ਜਪਦੇ ਹਨ, ਪ੍ਰਭੂ, ਉਸ ਮਾਇਆ ਰੂਪੀ ਡਾਇਣ ਦੇ ਤਿਖੇ ਦੰਦ, ਭੰਨ ਦਿੰਦਾ ਹੈ, ਜਿਸ ਨਾਲ ਉਹ ਭਗਤਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਪਹੁੰਚਾ ਸਕਦੀ।੨।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਨੇ ਹਰ ਰੋਜ਼ ਲਿਵ ਲਗਾ ਕੇ ਹਰੀ ਦਾ ਨਾਮ ਜਪਿਆ ਹੈ, ਖਸਮ ਹਰੀ ਦੀ ਦਾਸੀ, ਮਾਇਆ ਉਸ ਭਗਤ ਦੀ ਸੇਵਕ ਬਣ ਜਾਂਦੀ ਹੈ - 'ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ।। ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ।।'

ਨਾਰਾਇਣ ਸਦ ਸਦ ਬਖਸਿੰਦ ॥

ਨਾਰਾਇਣ ਕੀਨੇ ਸੂਖ ਅਨੰਦ ॥

ਨਾਰਾਇਣ ਪ੍ਰਗਟ ਕੀਨੋ ਪਰਤਾਪ ॥

ਨਾਰਾਇਣ ਸੰਤ ਕੋ ਮਾਈ ਬਾਪ ॥੩॥

-- ਨਾਰਾਇਣ, ਪਰਮਾਤਮਾ ਭਗਤੀ ਕਰਨ ਵਾਲਿਆਂ ਲਈ ਸਦਾ ਬਖਸ਼ਿਸ਼ ਕਰਨ ਵਾਲਾ ਹੈ।

ਭਗਤ ਨਾਮਦੇਵ ਜੀ ਨੇ ਉਸ ਹਰੀ, ਸੁਆਮੀ ਨੂੰ, ਪੰਨਾ ੭੨੭ ਤੇ ਬਖ਼ਸ਼ੰਦ ਦਸਿਆ ਹੈ - 'ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ।।'

-- ਨਾਰਾਇਣ ਪ੍ਰਭੂ ਭਗਤਾਂ ਨੂੰ ਸਦਾ ਸੁਖ ਅਨੰਦ ਦੀ ਬਖਸ਼ਿਸ਼ ਕਰਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦੇ, ਪੰਨਾ ੧੯੪ ਤੇ ਵਾਕ ਹਨ ਕਿ ਸੁਆਮੀ ਪ੍ਰਭੂ ਦੇ

ਸਿਮਰਣ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ ਅਤੇ ਪਰਮ ਸੁਖ, ਸਹਿਜ ਦੀ ਅਵੱਸਥਾ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ - 'ਸਿਮਰਤ ਸੁਆਮੀ ਕਿਲਵਿਖ ਨਾਸੇ।। ਸੂਖ ਸਹਜ ਆਨੰਦ ਨਿਵਾਸੇ।।'

-- ਭਗਤਾਂ ਦੀ ਰਖਿਆ ਕਰਨ ਵਿਚ, ਸਦਾ ਹੀ ਨਾਰਾਇਣ ਦਾ ਪ੍ਰਤਾਪ ਪ੍ਰਗਟ ਹੁੰਦਾ ਆਇਆ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਸਪੱਸ਼ਟ ਤੌਰ ਤੇ ਜ਼ੋਰ ਦੇ ਕੇ ਫ਼ੁਰਮਾਇਆ ਹੈ ਕਿ ਭਗਤਾਂ ਦੀ ਪੈਜ ਰਖਣ ਲਈ ਪ੍ਰਭੂ ਦਾ ਪਰਤਾਪ, ਹਮੇਸ਼ਾਂ ਪ੍ਰਗਟ ਹੁੰਦਾ ਆਇਆ ਹੈ। ਪ੍ਰਹਿਲਾਦ ਵਰਗੇ ਭਗਤਾਂ ਦੀ ਰਖਿਆ ਕਰਣ ਹਿਤ, ਹਰਨਾਖ਼ਸ਼ ਵਰਗਿਆਂ ਦਾ, ਪ੍ਰਭੂ ਸੰਘਾਰ ਕਰਦਾ ਆਇਆ ਹੈ - 'ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।। ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ।।', ਪੰਨਾ ੬੩੭.

-- ਨਾਰਾਇਣ ਪ੍ਰਭੂ ਆਪਣੇ ਸੰਤਾਂ ਦਾ ਹਮੇਸ਼ਾਂ ਹੀ ਮਾਤਾ ਪਿਤਾ, ਭਾਵ, ਪਾਲਣਹਾਰ ਅਤੇ ਰਖਿਅਕ ਬਣਦਾ ਹੈ।੩।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਅਜਿਹਾ ਹੀ ਫ਼ੁਰਮਾਣ ਹੈ ਕਿ ਵਾਹਗੁਰੂ ਆਪਣੇ ਸੰਤ ਨੂੰ ਆਪਣੇ ਹਿਰਦੇ ਨਾਲ, ਜਿੰਦ ਨਾਲ ਲਗਾ ਕੇ ਰਖਦਾ ਹੈ ਅਤੇ ਤਤਕਾਲ ਹੀ, ਤਾੜੀ ਵਜਾਉਣ ਜਿੰਨੇ ਸਮੇਂ ਵਿਚ, ਉਸਦੀ ਰਖਿਆ ਕਰਨ ਆ ਜਾਂਦਾ ਹੈ - 'ਸੰਤ ਕਉ ਰਾਖਉ ਅਪਨੇ ਜੀਅ ਨਾਲਿ।। ਸੰਤ ਉਧਾਰਉ ਤਤਖਣਿ ਤਾਲਿ।।', ਪੰਨਾ ੮੬੭. ਪੰਜਵੇਂ ਪਾਤਸ਼ਾਹ, ੭੪੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਨਾਰਾਇਣ, ਭਗਤਾਂ ਦਾ ਆਸਰਾ ਹੈ - 'ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ।।'

ਨਾਰਾਇਣ ਸਾਧਸੰਗਿ ਨਰਾਇਣ ॥

ਬਾਰੰ ਬਾਰ ਨਰਾਇਣ ਗਾਇਣ ॥

ਬਸਤੁ ਅਗੋਚਰ ਗੁਰ ਮਿਲਿ ਲਹੀ ॥

ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥

-- ਨਾਰਾਇਣ ਪ੍ਰਭੂ ਹਮੇਸ਼ਾਂ ਆਪਣੇ ਸਾਧ ਜਨਾਂ ਦੇ ਸੰਗ ਰਹਿੰਦਾ ਹੈ,

ਨਿਵਾਸ ਕਰਦਾ ਹੈ। ਇਸੇ ਕਰਕੇ ਨਾਰਾਇਣ ਨੂੰ ਪ੍ਰਾਪਤ ਵੀ ਸਾਧੂ ਤੋਂ ਹੀ ਕੀਤਾ ਜਾ ਸਕਦਾ ਹੈ, ਜਿਵੇਂ, ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਗੋਬਿੰਦ ਦਾ ਵਾਸਾ ਭਗਤਾਂ ਦੇ ਹਿਰਦੇ ਵਿਚ ਹੀ ਹੈ - 'ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।।' ਪਰਵਾਨ ਜਨ, ਭਾਵ, ਭਗਤ ਹੁੰਦਾ ਹੀ ਉਹੀ ਹੈ, ਜਿਸ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ - 'ਕਹੁ ਨਾਨਕ ਸੋ ਜਨੁ ਪਰਵਾਨੁ।। ਜਾ ਕੈ ਰਿਦੈ ਵਸੈ ਭਗਵਾਨ।।' ਪੰਨਾ ੧੯੯.

-- ਕਿਉਂਕਿ ਸਾਧ ਜਨ ਹਮੇਸ਼ਾਂ ਵਾਰ ਵਾਰ ਉਸਦੇ ਗੁਣਾਂ ਦਾ ਉਚਾਰਣ, ਭਾਵ, ਸਿਮਰਨ ਕਰਦੇ ਰਹਿੰਦੇ ਹਨ। ਇਥੇ ਲਗਾਤਾਰ ਸਿਮਰਣ ਕਰਣ ਦਾ ਉਪਦੇਸ਼ ਵੀ ਹੈ।

-- ਇੰਦਰੀਆਂ ਦੇ ਅਨੁਭਵ ਤੋਂ ਬਾਹਰ ਦੀ ਵਸਤੂ, ਭਾਵ ਨਾਮ ਦੀ ਦਾਤ, ਉਨ੍ਹਾਂ ਨੇ ਆਪਣੇ ਗੁਰੂ ਨੂੰ ਮਿਲ ਕੇ ਪ੍ਰਾਪਤ ਕੀਤੀ ਹੁੰਦੀ ਹੈ।

ਮਹਾਰਾਜ, ਪੰਨਾ ੮੮੩ ਤੇ ਫ਼ੁਰਮਾਣ ਕਰਦੇ ਹਨ ਕਿ ਇਹ ਬਸਤ ਅਗੋਚਰ, ਅਸਲ ਵਿਚ, ਨਾਮ ਦਾ ਖ਼ਜ਼ਾਨਾ ਹੈ ਜੋ ਸਚੇ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ - 'ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ।।' ਭਗਤ ਕਬੀਰ ਜੀ ਨੇ ਵੀ ਇਸੇ ਵਸਤ ਦੀ ਪ੍ਰਾਪਤੀ ਦੀ ਹੀ ਗਲ ਕੀਤੀ ਹੈ ਕਿ ਮੇਰੇ ਗੁਰੂ ਨੇ ਇਹ ਵਸਤ ਮੈਨੂੰ ਦਿਤੀ ਹੈ - 'ਗੁਰਿ ਦੀਨੀ ਬਸਤੁ ਕਬੀਰੁ ਕਉ ਲੇਵਹੁ ਬਸਤੁ ਸਮਾਰਿ।।'

-- ਪੰਚਮ ਨਾਨਕ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਨਾਰਾਇਣ ਨੇ ਉਹ ਬਸਤ ਅਗੋਚਰ ਦਾਸ ਨੂੰ ਤਾਂ ਦਿਤੀ ਹੈ, ਕਿਉਂਕਿ ਦਾਸ ਨੇ, ਭਾਵ, ਉਨ੍ਹਾਂ ਨੇ ਨਾਰਾਇਣ ਦੀ ਓਟ ਲਈ ਹੋਈ ਹੈ।੪।੧੭।੧੯।

ਪੰਨਾ ੩੯੫ ਤੇ ਵੀ ਇਹੀ ਦਸਦੇ ਹਨ ਕਿ ਉਸਦੀ ਓਟ ਲੈਣ ਨਾਲ ਹੀ ਇਹ ਬਸਤ ਅਗੋਚਰ ਪ੍ਰਾਪਤ ਹੁੰਦੀ ਹੈ - 'ਓਟਿ ਗਹੀ ਨਿਰਭਉ ਪਦੁ ਪਾਈਐ।।'

1.9.2020